# ਡਾਇਰੈਕਟੋਰੇਟ,ਸਿਹਤ ਤੇ ਪਰਿਵਾਰ ਭਲਾਈ ਪੰਜਾਬ
## ਪਰਿਵਾਰ ਕਲਿਆਣ ਭਵਨ, ਸੈਕਟਰ 34-ਏ ਚੰਡੀਗੜ੍ਹ
(ਅਮਲਾ-1 ਸ਼ਾਖਾ)

### ਦਫਤਰੀ ਹੁਕਮ

ਨੰ ਈ-1(1)ਪੰ-16/ 9977 ਮਿਤੀ ਚੰਡੀਗੜ੍ਹ 19.12.16

ਅਧੀਨ ਸੇਵਾਵਾਂ ਚੋਣ ਬੋਰਡ ਪੰਜਾਬ ਦੇ ਮੀਮੋ ਨੰ: 1/100/2015-2ਅ(ਅਸਚਬ)/2074 ਮਿਤੀ 10-11-16, ਮੀਮੋ ਨੰ: 1/100/2015-2ਅ(ਅਸਚਬ)/2299 ਮਿਤੀ 15-11-16, ਮੀਮੋ ਨੰ: 1/100/2015-2ਅ(ਅਸਚਬ)/2735 ਮਿਤੀ 09-12-16 ਅਤੇ ਮੀਮੋ ਨੰ: 1/100/2015-2ਅ(ਅਸਚਬ)/2756 ਮਿਤੀ 14-12-16 ਰਾਹੀਂ ਪ੍ਰਾਪਤ ਸਿਫਾਰਸ਼ਾਂ ਦੇ ਆਧਾਰ ਤੇ ਹੇਠਾਂ ਦਰਸਾਏ ਉਮੀਦਵਾਰਾਂ ਨੂੰ ਡਾਇਰੈਕਟੋਰੇਟ, ਸਿਹਤ ਤੇ ਪਰਿਵਾਰ ਭਲਾਈ, ਪੰਜਾਬ, ਚੰਡੀਗੜ੍ਹ ਦੇ ਮੁੱਖ ਦਫਤਰ ਦੇ ਕਾਡਰ ਲਈ ਕਲਰਕ ਦੀ ਆਸਾਮੀ ਤੇ ਤਨਖਾਹ ਸਕੇਲ 10300-34800 ਗਰੇਡ ਪੇ 3200(ਗਰੁਪ-ਸੀ) ਵਿੱਚ ਨਿਯੁਕਤੀ ਦੀ ਪੇਸ਼ਕਸ਼ ਕੀਤੀ ਜਾਂਦੀ ਹੈ। ਨਿਯੁਕਤੀ ਉਪਰੰਤ ਪੋਸਟਿੰਗ ਉਹਨਾ ਦੇ ਨਾਵਾ ਦੇ ਸਾਹਮਣੇ ਦਿੱਤੇ ਸਥਾਨਾ ਤੇ ਕੀਤੀ ਜਾਂਦੀ ਹੈ:-

| ਲੜੀ ਨੰ: | ਉਮੀਦਵਾਰ ਦਾ ਨਾਮ/ਪਿਤਾ ਦਾ ਨਾਮ<br>ਸਰਵ ਸ੍ਰੀ/ਸ੍ਰੀਮਤੀ | ਘਰ ਦਾ ਪਤਾ | ਪੋਸਟਿੰਗ ਦੀ ਥਾਂ |
|---|---|---|---|
| **ਜਨਰਲ** | | | |
| 1. | ਪੂਜਾ ਰਾਣੀ/ਸੁਭਾਸ਼ ਚੰਦ ਧੀਮਾਨ | ਮਕਾਨ ਨੰ:531, ਟਾਵਰ ਨੰ:5, ਤੀਜੀ ਮੰਜ਼ੀਲ, ਏ.ਟੀ.ਐਸ., ਬਰਵਾਲਾ ਰੋਡ, ਡੇਰਾਬੱਸੀ, ਮੋਹਾਲੀ | ਦਫ਼ਤਰ ਡਾਇਰੈਕਟਰ ਸਿਹਤ ਤੇ ਪਰਿਵਾਰ ਭਲਾਈ, ਪੰਜਾਬ । |
| **ਕੈਟਾਗਰੀ ਐਸ.ਸੀ.(ਆਰ ਐਂਡ ਓ)** | | | |
| 1. | ਮਨਪ੍ਰੀਤ ਕੌਰ/ਅਵਤਾਰ ਸਿੰਘ | ਮਕਾਨ ਨੰ:59/4, ਸਵਰਾਜ ਨਗਰ, ਸੈਕਟਰ-1, ਖਰੜ | ਦਫ਼ਤਰ ਡਾਇਰੈਕਟਰ ਸਿਹਤ ਤੇ ਪਰਿਵਾਰ ਭਲਾਈ, ਪੰਜਾਬ । |

ਇਹ ਅਸਥਾਈ ਨਿਯੁਕਤੀ ਹੇਠ ਲਿਖੀਆਂ ਸ਼ਰਤਾ ਅਧੀਨ ਹੋਵੇਗੀ:-

1. ਇਹ ਨਿਯੁਕਤੀ ਬਿਲਕੁਲ ਅਸਥਾਈ ਆਸਾਮੀ ਵਿਰੁੱਧ ਹੈ, ਜਿਸ ਦੀ ਕਿਸੇ ਵੀ ਸਮੇ ਖਤਮ ਹੋਣ ਦੀ ਸੰਭਾਵਨਾ ਹੈ ਅਤੇ ਉਸ ਨਾਲ ਪੱਕੀ ਨੌਕਰੀ ਦਾ ਕੋਈ ਇਕਰਾਰ ਨਹੀ ਜਦੋ ਕਦੇ ਵੀ ਕੋਈ ਆਸਾਮੀ ਨਾ ਹੋਈ ਤਾਂ ਬਿਨਾਂ ਕਿਸੇ ਨੋਟਿਸ ਦਿਤੇ ਨੌਕਰੀ ਤੋ ਹਟਾਇਆ ਜਾ ਸਕਦਾ ਹੈ।

2. ਇਨ੍ਹਾਂ ਉਮੀਦਵਾਰਾਂ ਨੂੰ ਪੰਜਾਬ ਸਰਕਾਰ ਦੇ ਪੱਤਰ ਨੰ: 1/6/2016-4ਪੀਪੀ1/834680/1 ਮਿਤੀ 07-9-16 ਵਿੱਚ ਦਰਜ਼ ਉਪਬੰਧਾਂ ਦੇ ਸਨਮੁੱਖ ਤਿੰਨ ਸਾਲ ਲਈ ਪਰਖ ਅਧੀਨ ਸਮੇ ਤੇ ਰਖਿਆ ਜਾਵੇਗਾ ਅਤੇ ਜੇਕਰ ਇਸ ਸਮੇ ਦੋਰਾਨ ਉਸਦਾ ਚਾਲ ਚਲਣ ਤੇ ਕੰਮਕਾਰ ਤਸਲੀਬਖਸ਼ ਨਾ ਪਾਇਆ ਗਿਆ ਤਾਂ ਉਸਦੀਆਂ ਸੇਵਾਵਾਂ ਬਿਨਾ ਕਿਸੇ ਨੋਟਿਸ ਦਿਤੇ ਸਮਾਪਤ ਕਰ ਦਿਤੀਆ ਜਾਣਗੀਆਂ, ਇਨ੍ਹਾਂ ਉਮੀਦਵਾਰਾਂ ਦਾ ਪਰਖ ਅਧੀਨ ਸਮਾ ਇਕ ਸਾਲ ਲਈ ਵਧਾਇਆ ਜਾ ਸਕਦਾ ਹੈ। ਪਰਖ ਅਧੀਨ ਸਮਾਂ ਪਾਰ ਕਰਨ ਮਗਰੋ ਉਸਨੂੰ ਸਾਲਾਨਾ ਤਰੱਕੀ ਮਿਲਣਯੋਗ ਹੋਵੇਗੀ। ਪਰਖ ਅਧੀਨ ਸਮੇ ਨੂੰ ਸਫਲਤਾ ਪੂਰਵਕ ਪਾਰ ਕਰਨ ਤੋ ਪਹਿਲਾ ਉਸ ਵਲੋ ਕਾਡਰ ਦੀ ਤਬਦੀਲੀ ਸਬੰਧੀ ਦਿਤੀ ਬੇਨਤੀ ਤੇ ਇਸ ਦਫਤਰ ਵਲੋ ਕੋਈ ਵਿਚਾਰ ਨਹੀ ਕੀਤਾ ਜਾਵੇਗਾ।

3. ਇਹ ਨਿਯੁਕਤੀਆਂ ਪੰਜਾਬ ਸਰਕਾਰ, ਵਿੱਤ ਵਿਭਾਗ(ਵਿੱਤ ਪ੍ਰਸੋਨਲ-1 ਸਾਖਾ) ਦੇ ਨੋਟੀਫਿਕੇਸ਼ਨ ਨੰ: 7/204/2012-4ਐਫ.ਪੀ.-1/06 ਮਿਤੀ 15-01-2015, ਨੰ:

7/2014/2012-4ਐਫ.ਪੀ.-1/761 ਮਿਤੀ 28-8-2015, ਨੰ: 7/2014/2012-4ਐਫ.ਪੀ.-1/935 ਮਿਤੀ 15-10-2015 ਅਤੇ ਨੰ: 7/204/2012-4ਐਫ.ਪੀ.-1/1049 ਮਿਤੀ 21-12-2015 ਰਾਹੀਂ ਜਾਰੀ ਹਦਾਇਤਾਂ ਦੀ ਰੋਸ਼ਨੀ ਵਿੱਚ ਕੀਤੀਆਂ ਜਾਂਦੀਆਂ ਹੈ ਅਤੇ ਪਰਖ ਕਾਲ ਸਮੇ ਦੌਰਾਨ ਉਮੀਦਵਾਰਾਂ ਨੂੰ ਇਨ੍ਹਾਂ ਹਦਾਇਤਾਂ ਅਨੁਸਾਰ ਹੀ ਤਨਖਾਹ ਮਿਲਣਯੋਗ ਹੋਵੇਗੀ।

4. ਜੇਕਰ ਕਿਸੇ ਉਮੀਦਵਾਰ ਨੇ ਕਿਸੇ ਸਮੇ ਆਪਣੀ ਨੌਕਰੀ ਤੋ ਅਸਤੀਫਾ ਦੇਣਾ ਹੋਵੇ ਤਾਂ ਉਸ ਲਈ ਜਰੂਰੀ ਹੋਵੇਗਾ ਕਿ ਉਹ ਇਕ ਮਹੀਨੇ ਦਾ ਨੋਟਿਸ ਦੇਵੇ ਜਾ ਉਸਦੇ ਬਦਲੇ ਇਕ ਮਹੀਨੇ ਦੀ ਤਨਖਾਹ ਸਮੇਤ ਭੱਤਿਆਂ ਦੇ ਜਾਂ ਉਤਨੇ ਦਿਨਾਂ ਦੀ ਜਿਤਨੇ ਦਿਨ ਇਕ ਮਹੀਨੇ ਤੋ ਘੱਟ ਹੋਣਗੇ ਤਨਖਾਹ ਸਮੇਤ ਭੱਤਿਆਂ ਦੇ ਜਮਾਂ ਕਰਾਏਗਾ/ਕਰਵਾਏਗੀ।

5. ਹੇਠ ਲਿਖੇ ਹਾਲਾਤਾਂ ਵਿਚ ਨਿਯੁਕਤ ਹੋਏ ਉਮੀਦਵਾਰ ਨੂੰ ਬਿਨਾਂ ਕਿਸੇ ਨੋਟਿਸ ਦਿਤੇ ਨੌਕਰੀ ਤੋਂ ਵੱਖ ਕੀਤਾ ਜਾ ਸਕਦਾ ਹੈ:-

ੳ) ਉਸਦਾ ਚਾਲਚਲਣ ਪੂਰਵ ਵਿਵਹਾਰ ਤੱਸਲੀਬਖਸ਼ ਨਾ ਹੋਵੇ।

ਅ) ਉਸਦਾ ਕੰਮ ਤੇ ਆਚਰਣ ਤਸਲੀਬਖਸ਼ ਨਾ ਹੋਵੇ।

6. ਸ਼ਾਦੀਸ਼ੁਦਾ ਹੋਣ ਦੀ ਸੂਰਤ ਵਿਚ ਉਸਨੂੰ ਲਿਖਤੀ ਰੂਪ ਵਿਚ ਮੈਜਿਸਟਰੇਟ ਦਰਜਾ-1 ਤੋ ਤਸਦੀਕਸ਼ੁਦਾ ਹਲਫੀਆਂ ਬਿਆਨ ਦੇਣਾ ਪਵੇਗਾ ਕਿ ਉਸਦੀ ਇਕ ਤੋ ਵੱਧ ਜੀਵਤ ਪਤਨੀ ਨਹੀ/ਪਤੀ ਨਹੀ ਹੈ।

7. ਇਨ੍ਹਾਂ ਉਮੀਦਵਾਰਾਂ ਨੂੰ ਲਿਖਤੀ ਰੂਪ ਵਿਚ ਬਿਆਨ ਦੇਣਾ ਪਵੇਗਾ ਕਿ ਉਸਨੂੰ ਕਿਸੇ ਵਿਭਾਗ ਤੋ ਡਿਸਮਿਸ ਨਹੀ ਕੀਤਾ ਗਿਆ ਤੇ ਕਿਸੇ ਵੀ ਕਾਨੂੰਨ ਅਧੀਨ ਕਿਸੇ ਅਦਾਲਤ ਵਲੋ ਦੋਸ਼ੀ ਕਰਾਰ ਨਹੀ ਦਿਤਾ ਗਿਆ।

8. ਨਿਯੁਕਤੀ ਦੇ ਸਬੰਧ ਵਿਚ ਉਸ ਵੱਲੋਂ ਦਿਤੀ ਗਈ ਸੂਚਨਾ/ਬਿਆਨ ਕਿਸੇ ਸਮੇਂ ਝੂਠਾ ਸਾਬਤ ਹੋਇਆ ਤਾਂ ਉਸਨੂੰ ਨੌਕਰੀ ਤੋ ਬਰਖਾਸਤ ਕਰ ਦਿਤਾ ਜਾਵੇਗਾ ਅਤੇ ਇਸ ਤੋਂ ਇਲਾਵਾ ਹੋਰ ਬਣਦੀ ਕਾਨੂੰਨੀ ਕਾਰਵਾਈ ਉਸ ਵਿਰੁੱਧ ਕੀਤੀ ਜਾਵੇਗੀ।

9. ਨੌਕਰੀ ਦੌਰਾਨ ਪੰਜਾਬ ਸਰਕਾਰ ਕਰਮਚਾਰੀ ਆਚਰਣ ਨਿਯਮ ਰੂਲਜ 1966 ਅਤੇ ਪੰਜਾਬ ਮੈਡੀਕਲ ਡਿਪਾਰਟਮੈਂਟ ਸਬਾਰਡੀਨੇਟ(ਰਿਕਰੂਰਟਮੈਂਟ ਐਂਡ ਕਡੀਸ਼ਨਜ ਆਫ ਸਰਵਿਸਜ) ਰੂਲ 1945 ਅਤੇ ਦੂਸਰੇ ਰੂਲਜ ਜੋ ਤਰਮੀਮ ਉਪਰੰਤ ਹੋਏ ਹਨ, ਕਰਮਚਾਰੀਆਂ ਤੇ ਲਾਗੂ ਹੋਣਗੇ/ਉਸਤੇ ਵੀ ਲਾਗੂ ਹੋਣਗੇ।

10. ਨੌਕਰੀ ਵਿਚ ਹਾਜਰ ਹੋਣ ਅਤੇ ਮੈਡੀਕਲ ਮੁਆਇਨਾ ਕਰਵਾਉਣ ਲਈ ਇਨ੍ਹਾਂ ਉਮੀਦਵਾਰਾਂ ਨੂੰ ਕੋਈ ਸਫਰੀ ਭੱਤਾ ਨਹੀ ਮਿਲੇਗਾ।

11. ਇਸ ਆਸਾਮੀ ਤੇ ਹਾਜਰ ਹੋਣ ਲਈ ਉਹਨਾਂ ਨੂੰ ਭਾਰਤ ਦੇ ਸਵਿਧਾਨ ਦੀ ਵਫਾਦਾਰੀ ਦੀ ਸੰਹੁ ਚੁਕਣੀ ਹੋਵੇਗੀ।

12. ਇਨ੍ਹਾਂ ਉਮੀਦਵਾਰਾਂ ਦੀ ਸੀਨੀਆਰਤਾ ਇਸ ਆਸਾਮੀ ਤੇ ਪੰਜਾਬ ਸਰਕਾਰ ਵਲੋ ਸਮੇਂ ਸਮੇਂ ਸਿਰ ਜਾਰੀ ਕੀਤੀਆਂ ਹਦਾਇਤਾਂ ਅਨੁਸਾਰ ਮਿਥੀ ਜਾਵੇਗੀ।

13. ਉਹ ਨਿਰਧਾਰਿਤ ਪ੍ਰੋਫਾਰਮੇ ਤੇ ਆਪਣੀ ਚਲ/ਅੱਚਲ ਜਾਇਦਾਦ ਦੀ ਸੂਚਨਾ ਇਸ ਦਫਤਰ ਨੂੰ ਦੇਵੇਗਾ/ਦੇਵੇਗੀ।

14. ਘੱਟ ਤੋ ਘੱਟ ਤਿੰਨ ਸਾਲ ਤੱਕ ਕਿਸੇ ਹੋਰ ਵਿਭਾਗ ਵਿਚ ਕਿਸੇ ਆਸਾਮੀ ਲਈ ਉਸਦੀ ਅਰਜੀ ਇਸ ਦਫਤਰ ਵਲੋਂ ਨਹੀ ਭੇਜੀ ਜਾਵੇਗੀ।

15. ਜਿਹੜੇ ਉਮੀਦਵਾਰ ਪਛੜੀਆਂ ਸ਼੍ਰੇਣੀਆਂ ਨਾਲ ਸਬੰਧ ਰੱਖਦੇ ਹਨ ਤਾਂ ਉਨ੍ਹਾਂ ਨੂੰ ਸਾਰੇ ਵਸੀਲਿਆਂ ਤੋਂ ਆਪਣੀ ਆਮਦਨ ਬਾਰੇ ਸਰਟੀਫਿਕੇਟ ਸਬੰਧਤ ਉਪ ਮੰਡਲ ਮਜਿਸਟਰੇਟ ਪਾਸੋਂ ਪ੍ਰਾਪਤ ਕਰਕੇ ਇਸ ਦਫਤਰ ਨੂੰ ਪੇਸ਼ ਕਰਨਾ ਪਵੇਗਾ।

16. ਉਹ ਅਗੇਤਰੀ ਮੰਨਜ਼ੂਰੀ ਲਏ ਬਿਨ੍ਹਾਂ ਕੋਈ ਵੀ ਉਚੇਰੀ ਵਿਦਿਅਕ ਯੋਗਤਾ ਪ੍ਰਾਪਤ ਨਹੀ ਕਰੇਗਾ/ਕਰੇਗੀ। ਉਚੇਰੀ ਵਿਦਿਆ ਪ੍ਰਾਪਤ ਕਰਨ ਦੇ ਮੰਤਵ ਲਈ ਉਸਨੂੰ ਕਿਸੇ ਕਿਸਮ ਦੀ ਛੁੱਟੀ ਤਿਆਰੀ ਲਈ ਨਹੀ ਦਿੱਤੀ ਜਾਵੇਗੀ।

17. ਉਹ ਸਰਕਾਰੀ ਨੌਕਰੀ ਲਈ ਸਰੀਰਕ ਤੌਰ ਤੇ ਫਿਟ ਹੋਣਗੇ।

18. ਉਸਦਾ ਆਚਰਨ ਅਤੇ ਪੂਰਵ ਵਿਵਹਾਰ ਸਬੰਧਤ ਜਿਲਾ ਮਜਿਸਟਰੇਟ ਪਾਸੋਂ ਤਸਦੀਕ ਕਰਵਾਇਆ ਜਾਵੇਗਾ। ਆਚਰਨ ਅਤੇ ਪੂਰਵ ਵਿਵਹਾਰ ਤਸਲੀਬਖਸ਼ ਨਾ ਪਾਏ ਜਾਣ ਦੀ ਸੂਰਤ ਵਿਚ ਉਹਨਾਂ ਦੀਆਂ ਸੇਵਾਵਾਂ ਬਿਨ੍ਹਾਂ ਕਿਸੇ ਨੋਟਿਸ ਦੇ ਸਮਾਪਤ ਕਰ ਦਿੱਤੀਆ ਜਾਣਗੀਆਂ।

19. ਇਹ ਨਿਯੁਕਤੀ ਪੰਜਾਬ ਸਰਕਾਰ ਪ੍ਰਸੋਨਲ ਵਿਭਾਗ ਪੀ.ਪੀ.-2 ਸ਼ਾਖਾ ਦੇ ਪੱਤਰ ਨੰ 11/94 /20002 -ਪੀ.ਪੀ/650 ਮਿਤੀ 12-1-2004 ਰਾਹੀ ਜਾਰੀ ਹਦਾਇਤਾਂ ਅਨੁਸਾਰ ਨਵੀਂ ਕੰਟਰੀਬਿਊਟਰੀ ਪੈਨਸ਼ਨ ਸਕੀਮ ਲਾਗੂ ਹੋਵੇਗੀ।

20. ਅਧੀਨ ਸੇਵਾਵਾਂ ਚੋਣ ਬੋਰਡ, ਪੰਜਾਬ ਦੁਆਰਾ ਜਾਰੀ ਇਸਤਿਹਾਰ ਨੰ: 2/2013 ਦੁਆਰਾ 1192 ਕਲਰਕਾਂ ਦੀਆਂ ਆਸਾਮੀਆਂ ਸਬੰਧੀ ਮਾਨਯੋਗ ਅਦਾਲਤ ਵੱਲੋਂ ਸਿਵਲ ਰਿੱਟ ਨੰਬਰ 12618 ਆਫ 2014 ਪਰਮਿੰਦਰ ਸਿੰਘ ਅਤੇ ਹੋਰ ਬਨਾਮ ਪੰਜਾਬ ਸਰਕਾਰ ਅਤੇ ਇਸ ਭਰਤੀ ਨਾਲ ਸਬੰਧਤ ਹੋਰ ਅਜਿਹੇ ਕੇਸਾਂ ਵਿੱਚ ਸਿਵਲ ਰਿੱਟ ਪਟੀਸ਼ਨ ਨੰ: 12911 ਆਫ 2016 ਵਿੱਚ ਰਿਜ਼ਰਵੇਸ਼ਨ ਸਬੰਧੀ ਜੋ ਫੈਸਲਾ ਕੀਤਾ ਜਾਵੇਗਾ, ਉਹ ਇਸ ਭਰਤੀ ਉਤੇ ਲਾਗੂ ਹੋਵੇਗਾ।

ਜੇਕਰ ਇਨ੍ਹਾਂ ਉਮੀਦਵਾਰਾਂ ਨੂੰ ਉਪਰੋਕਤ ਸ਼ਰਤਾ ਅਧੀਨ ਇਹ ਨਿਯੁਕਤੀ ਪ੍ਰਵਾਨ ਹੋਵੇਗੀ ਤਾਂ ਉਹ ਇਸ ਪੱਤਰ ਦੇ ਜਾਰੀ ਹੋਣ ਤੋਂ 30 ਦਿਨਾਂ ਦੇ ਅੰਦਰ ਅੰਦਰ ਆਪਣਾ ਮੈਡੀਕਲ ਮੁਆਇਨਾ, ਆਪਣੀ ਰਿਹਾਇਸ਼ ਨਾਲ ਸਬੰਧਤ ਜਿਲੇ ਦੇ ਸਿਵਲ ਸਰਜਨ ਤੋਂ ਅਤੇ ਚੰਡੀਗੜ੍ਹ ਦੇ ਉਮੀਦਵਾਰ ਪ੍ਰਿੰਸੀਪਲ ਮੈਡੀਕਲ ਅਫਸਰ, ਜਨਰਲ ਹਸਪਤਾਲ, ਸੈਕਟਰ 16, ਚੰਡੀਗੜ੍ਹ ਤੋਂ ਕਰਵਾਕੇ ਸਬੰਧਤ ਸੰਸਥਾ ਦੇ ਮੁਖੀ ਨੂੰ ਆਪਣੀ ਹਾਜਰੀ ਰਿਪੋਰਟ ਪੇਸ਼ ਕਰਨਗੇ। ਜੇਕਰ ਨਿਰਧਾਰਿਤ ਸਮੇਂ ਦੇ ਅੰਦਰ ਅੰਦਰ ਪਾਲਣਾ ਰਿਪੋਰਟ ਜਾਂ ਕੋਈ ਸੂਚਨਾ ਪ੍ਰਾਪਤ ਨਾ ਹੋਈ ਤਾਂ ਉਨ੍ਹਾਂ ਦੀ ਨਿਯੁਕਤੀ ਦੀ ਇਹ ਪੇਸ਼ਕਸ਼ ਰੱਦ/ ਵਾਪਸ ਸਮਝੀ ਜਾਵੇਗੀ।

(ਹਰਿੰਦਰਪਾਲ ਸਿੰਘ ਬਾਲੀ)
ਡਾਇਰੈਕਟਰ, ਸਿਹਤ ਤੇ ਪਰਿਵਾਰ ਭਲਾਈ ਪੰਜਾਬ

ਪਿੱਠ ਅੰਕਣ ਨੰ: ਈ1(1)ਪੰ-16/੧੧੭੪ ਮਿਤੀ ਚੰਡੀਗੜ੍ਹ:- 19.12.16

ਉਤਾਰਾ ਸਿਵਲ ਸਰਜਨ, ਐਸ.ਏ.ਐਸ. ਨਗਰ ਨੂੰ ਸੂਚਨਾਂ ਅਤੇ ਲੋੜੀਂਦੀ ਕਾਰਵਾਈ ਲਈ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ ਕਲਰਕ (ਗਰੁਪ-ਸੀ) ਦੀ ਅਸਾਮੀ ਤੇ ਨੌਕਰੀ ਵਿੱਚ ਹਾਜ਼ਰ ਹੋਣ ਲਈ ਇਨ੍ਹਾਂ ਉਮੀਦਵਾਰਾਂ ਦਾ ਮੈਡੀਕਲ ਮੁਆਇੰਨਾ ਕੀਤਾ ਜਾਵੇ ਅਤੇ ਮੈਡੀਕਲ ਮੁਆਇੰਨੇ ਦੀ ਰਿਪੋਰਟ ਸਬੰਧਤ ਦਫਤਰ ਨੂੰ ਭੇਜੀ ਜਾਵੇ।

ਡਾਇਰੈਕਟਰ, ਸਿਹਤ ਤੇ ਪਰਿਵਾਰ ਭਲਾਈ ਪੰਜਾਬ
19/12/16

ਪਿੱਠ ਅੰਕਣ ਨੰ: ਈ1(1)ਪੰ-16/ 9979-82 ਮਿਤੀ ਚੰਡੀਗੜ੍ਹ:- 19.12.16

ਉਤਾਰਾ ਹੇਠ ਲਿਖੀਆਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1) ਸੰਯੁਕਤ ਕੰਟਰੋਲਰ(ਵਿੱਤ ਤੇ ਲੇਖਾ), ਦਫਤਰ ਡ.ਸ.ਪ.ਭ, ਪੰ।

2) ਸਹਾਇਕ ਕੰਟਰੋਲਰ(ਵਿੱਤ ਤੇ ਲੇਖਾ), ਦਫਤਰ ਡ.ਸ.ਸ.(ਪ.ਭ), ਪੰ।

3) ਸਬੰਧਤ ਉਮੀਦਵਾਰ

ਡਾਇਰੈਕਟਰ, ਸਿਹਤ ਤੇ ਪਰਿਵਾਰ ਭਲਾਈ ਪੰਜਾਬ

ਪਿੱਠ ਅੰਕਣ ਨੰ: ਈ1(1)ਪੰ-16/ 9983-84 ਮਿਤੀ ਚੰਡੀਗੜ੍ਹ:- 19.12.16

ਉਤਾਰਾ ਹੇਠ ਲਿਖੀਆਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1) ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ, ਸਿਹਤ ਤੇ ਪਰਿਵਾਰ ਭਲਾਈ ਪੰਜਾਬ (ਸਿਹਤ-6 ਸ਼ਾਖਾ) ਚੰਡੀਗੜ੍ਹ

2) ਸਕੱਤਰ ਅਧੀਨ ਸੇਵਾਵਾਂ ਚੋਣ ਬੋਰਡ ਪੰਜਾਬ, ਵਣ ਵਿਭਾਗ, ਸੈਕਟਰ 68 ਸਾਹਿਬਜ਼ਾਦਾ ਅਜੀਤ ਸਿੰਘ ਨਗਰ ਨੂੰ ਉਹਨਾਂ ਦੇ ਮੀਮੋ ਨੰ: 1/100/2015-2ਅ(ਅਸਚਬ)/2735 ਮਿਤੀ 09-12-16 ਅਤੇ ਮੀਮੋ ਨੰ: 1/100/2015-2ਅ(ਅਸਚਬ)/2756 ਮਿਤੀ 14-12-16 ਦੇ ਹਵਾਲੇ ਵਿਚ।

ਡਾਇਰੈਕਟਰ, ਸਿਹਤ ਤੇ ਪਰਿਵਾਰ ਭਲਾਈ ਪੰਜਾਬ
19/12/16